**Proceedings of the meeting of the Commission held on 30-05-2022 under the Chairmanship of Prof.Emanual Nahar, Chairman.**

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ/ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਮੁਹੰਮਦ ਰਫੀ :ਸੀਨੀਅਰ ਵਾਈਸ-ਚੇਅਰਮੈਨ
2. ਸ਼੍ਰੀ ਅਹਿਮਦ ਅੱਲੀ ਗੁੱਡੂ :ਮੈਂਬਰ
3. ਸ਼੍ਰੀ ਗੁਲਾਮ ਹੁਸੈਨ :ਮੈਂਬਰ
4. ਸ਼੍ਰੀ ਨਾਸਿਰ ਹਸਨ ਸਲਮਾਨੀ:ਮੈਂਬਰ
5. ਸ਼੍ਰੀ ਬਹਾਦਰ ਖਾਨ: ਮੈਂਬਰ
6. ਸ਼੍ਰੀ ਲਾਲ ਹੁਸੈਨ :ਮੈਂਬਰ
7. ਸ਼੍ਰੀ ਸਲਿਲ ਕੁਮਾਰ :ਮੈਂਬਰ
8. ਡਾ:ਸੁਭਾਸ਼ ਮਸੀਹ ਥੋਬਾ :ਮੈਂਬਰ

ਪ੍ਰੋ: ਇੰਮਾਨੂੰਏਲ ਨਾਹਰ, ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਅਗਵਾਈ ਹੇਠ ਕਮਿਸ਼ਨ ਦੀ ਮੀਟਿੰਗ ਹੋਈ ਜਿਸ ਵਿੱਚ ਉਪਰੋਕਤ ਅਧਿਕਾਰੀ ਅਤੇ ਮੈਂਬਰ ਸ਼ਾਮਲ ਹੋਏ। ਚੇਅਰਮੈਨ ਜੀ ਵਲੋਂ ਮੀਟਿੰਗ ਵਿੱਚ ਸ਼ਾਮਲ ਹੋਏ ਅਧਿਕਾਰੀਆਂ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਵਿੱਚ ਅਜੰਡੇ ਅਨੁਸਾਰ ਮਾਮਲੇ ਵਿਚਾਰੇ ਗਏ।

**Agenda Item No. 1**. ਦਿਲੀ ਘੱਟ ਗਿਣਤੀ ਕਮਿਸ਼ਨ (Government of NCT of Delhi) ਦੇ ਆਧਾਰ/ਪੈਟਰਨ ਤੇ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਬਣਤਰ, ਪਵਰਾਂ ਅਤੇ ਵਿੱਤੀ ਸਹੂਲਤਾ ਮੁਹਈਆ ਕਰਵਾਉਣ ਸਬੰਧੀ।

ਕਮਿਸ਼ਨ ਦੇ ਸੀਨੀਅਰ ਵਾਈਸ-ਚੇਅਰਮੈਨ ਅਤੇ ਮੈਂਬਰਾਂ ਵਲੋਂ ਕਮਿਸ਼ਨ ਨੂੰ ਬੇਨਤੀ ਕੀਤੀ ਗਈ ਕਿ ਦਿੱਲੀ ਘੱਟ ਗਿਣਤੀ ਕਮਿਸ਼ਨ ਬਹੁਤ ਹੀ ਅਸਰਦਾਰ ਤਰੀਕੇ ਨਾਲ ਕੰਮ ਕਰ ਰਿਹਾ ਹੈ। ਅਤੇ ਘੱਟ ਗਿਣਤੀ ਭਾਈਚਾਰੇ ਦੀ ਹਰ ਸਮਸਿਆ ਨੂੰ ਪਹਿਲ ਦੇ ਆਧਾਰ ਤੇ ਹੱਲ ਕਰ ਰਿਹਾ ਹੈ। ਇਸ ਤੋਂ ਇਲਾਵਾ ਦਿੱਲੀ ਘੱਟ ਕਮਿਸ਼ਨ ਦੇ ਮੈਂਬਰਾਂ ਅਤੇ ਹੋਰ ਆਹੁਦੇਦਾਰ ਨੂੰ ਆਪਣਾ ਕੰਮ ਕਰਨ ਲਈ ਇਵਜਾਨੇ ਵਜੋਂ ਮਹਿਨਤਾਨਾ ਵੀ ਦਿੱਤਾ ਜਾਂਦਾ ਹੈ। ਪਰੰਤੂ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰਾਂ ਨੂੰ ਜ਼ਿਲੇ ਅਤੇ ਕਮਿਸ਼ਨ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਵੀ ਕੋਈ ਟੀ.ਏ./ਡੀ.ਏ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਉਨ੍ਹਾਂ ਨੂੰ ਆਪਣੇ ਨਿਵਾਸ ਸਥਾਨ (ਅੰਮ੍ਰਿਤਸਰ, ਜਲੰਧਰ, ਮਲੇਰਕੋਟਲਾ ਅਤੇ ਲੁਧਿਆਣਾ) ਤੋਂ ਕਮਿਸ਼ਨ ਦੀਆਂ ਮੀਟਿੰਗਾ ਵਿੱਚ ਸ਼ਾਮਲ ਹੋਣ ਲਈ ਵੀ ਆਪਣੀ ਨਿੱਜੀ ਕਾਰ ਅਤੇ ਪੈਟਰੋਲ ਦੀ ਵਰਤੋਂ ਕਰਨੀ ਪੈਂਦੀ ਹੈ।

**Resolution/PSMC-1 (Decision) dated 30-05-2022**

ਉਪਰੋਕਤ ਸਥਿਤੀ ਨੂੰ ਵਿਚਾਰ ਕੇ ਕਮਿਸ਼ਨ ਵਲੋਂ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਕਮਿਸ਼ਨ ਦੇ ਚੇਅਰਮੈਨ ਸਾਹਿਬ ਅਤੇ 2 ਹੋਰ ਮੈਂਬਰ ਦਿਲੀ ਘੱਟ ਗਿਣਤੀ ਕਮਿਸ਼ਨ (Government of NCT of Delhi) ਵਿਖੇ ਜਾ ਕਿ ਉਨ੍ਹਾਂ ਦੁਆਰਾ ਘੱਟ ਗਿਣਤੀ ਭਾਈਚਾਰੇ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੇ ਤਰੀਕੇ ਦਾ ਨਿੱਜੀ ਸਰਵੇਖਣ ਕਰਨ ਅਤੇ ਉਨ੍ਹਾਂ ਦੇ ਮੈਂਬਰ ਅਤੇ ਅਧਿਕਾਰੀਆਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਅਤੇ ਟੀ.ਏ./ਡੀ.ਏ. ਸਬੰਧੀ ਜਾਣਕਾਰੀ ਪ੍ਰਾਪਤ ਕਰਕੇ ਇਸ ਦੇ ਆਧਾਰ ਤੇ ਸਰਕਾਰ ਨੂੰ ਤਜਵੀਜ਼ ਭੇਜੀ ਜਾ ਸਕੇ ਤਾਂ ਜੋ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ

ਮੈਂਬਰ ਸਹਿਬਾਨ ਘੱਟ ਗਿਣਤੀ ਦੇ ਭਲਾਈ ਦੇ ਕੰਮ ਪੂਰੀ ਦਿਲਚਸਪੀ ਅਤੇ ਤਨਦੇਹੀ ਨਾਲ ਕਰ ਸਕਣ।

**Agenda Item No. 2.** ਪੰਜਾਬ ਵਿੱਚ ਸਥਿਤ ਇਸਾਈ ਭਾਈਚਾਰੇ ਅਤੇ ਮੁਸਲਿਮ ਭਾਈਚਾਰੇ ਦੇ ਕਬਰਸਤਾਨਾ ਦੇ ਰੱਖ ਰਖਾਵ ਅਤੇ ਸਾਂਭ ਸੰਭਾਲ ਲਈ ਪੰਜਾਬ ਸਰਕਾਰ ਵਲੋਂ ਵੱਖਰੇ ਤੌਰ ਤੇ ਬਜਟ ਦਾ ਉਪਬੰਧ ਕਰਵਾਉਣ ਸਬੰਧੀ।

ਕਮਿਸ਼ਨ ਦੀ ਮੀਟਿੰਗ ਵਿੱਚ ਵਿਸਥਾਰ-ਪੂਰਬਕ ਵਿਚਾਰਿਆ ਗਿਆ ਕਿ ਇਸਾਈ ਅਤੇ ਮੁਸਲਿਮ ਭਾਈਚਾਰੇ ਨੂੰ ਜੋ ਕਬਰਸਤਾਨਾਂ ਲਈ ਜਗ੍ਹਾ ਖਰੀਦਣ ਅਤੇ ਮੌਜੂਦਾ ਕਬਰਸਤਾਨਾਂ ਦੀ ਚਾਰ ਦਿਵਾਰੀ, ਸ਼ੈਡ ਅਤੇ ਪਾਣੀ ਆਦਿ ਦਾ ਪ੍ਰਬੰਧ ਕਰਨ ਦੀ ਅਤਿਅੰਤ ਲੋੜ ਹੈ। ਕਮਿਸ਼ਨ ਨੂੰ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਅਤੇ ਉਨ੍ਹਾਂ ਦੀ ਸੰਸਥਾਵਾਂ ਵੱਲੋਂ ਬਹੁੱਤ ਸਾਰੀਆਂ ਪ੍ਰਤੀ-ਬੇਨਤੀਆਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿੱਚ ਕਬਰਸਤਾਨਾ ਲਈ ਚਾਰ ਦਿਵਾਰੀ, ਸ਼ੈਡ ਅਤੇ ਪਾਣੀ ਆਦਿ ਦਾ ਪ੍ਰਬੰਧ ਕਰਨ ਲਈ ਪੁਰ ਜੋਰ ਮੰਗ ਕੀਤੀ ਜਾਂਦੀ ਹੈ ਕਿਉਂਕਿ ਬਹੁਤ ਸਾਰੇ ਕਬਰਸਤਾਨਾਂ ਵਿੱਚ ਇਹ ਸਹੂਲਤਾ ਉਪਲਭਧ ਨਹੀਂ ਹਨ। ਅਜਿਹੀਆਂ ਸਹੂਲਤਾ ਕਬਰਸਤਾਨਾਂ ਵਿੱਚ ਹੋਣੀਆ ਬਹੁਤ ਜ਼ਰੂਰੀ ਹਨ।

**Resolution/PSMC-2 dated 30-05-2022**

**ਕਮਿਸ਼ਨ ਦੀ ਇਕੱਤਰਤਾ ਵਿੱਚ ਵਿਸਥਾਰ-ਪੂਰਬਕ ਵਿਚਾਰਕੇ ਇਹ ਫੈਸਲਾ ਲਿਆ ਗਿਆ ਹੈ ਕਿ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਰੱਖ ਰਖਾਵ , ਚਾਰ ਦਿਵਾਰੀ ਅਤੇ ਸ਼ੈਡ ਆਦਿ ਦੀਆਂ ਸਹੂਲਤਾ ਮੁਹਈਆ ਕਰਵਾਉਣ ਲਈ ਵਿੱਤੀ ਸਾਲ 2022-23 ਦੇ ਬੱਜਟ ਵਿਚ 100 ਕਰੋੜ ਰੂਪੇ ਦਾ ਬੱਜਟ ਇਸ ਮੰਤਵ ਲਈ ਮਨਜ਼ੂਰ ਕਰਵਾਉਣ ਲਈ ਵਿੱਤ ਵਿਭਾਗ ਨੂੰ ਲਿਖਿਆ ਜਾਵੇ।**

**Agenda Item No. 3.** ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਸਾਲ 2021-22 ਦੌਰਾਨ ਕੀਤੇ ਗਏ ਕੰਮਾਂ ਸਬੰਧੀ ਸਾਲਾਨਾ ਰਿਪੋਰਟ।

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਦੇ ਸੈਕਸ਼ਨ 18 ਅਨੁਸਾਰ " The Commission shall prepare, in such Form and at such time , for each financial years, as may be prescribed, its annual report giving a true and full accounts of its activities during the previous financial year, along with its recommendations, and forward a copy thereof to the Government".

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਅਨੁਸਾਰ ਕਮਿਸ਼ਨ ਦੁਆਰਾ ਵਿੱਤੀ ਸਾਲ 2021-2022 ਦੌਰਾਨ ਆਪਣੀਆਂ ਗਤੀਵਿੱਧੀਆਂ ਦਾ ਸਹੀ ਅਤੇ ਪੂਰਾ ਲੇਖਾ-ਜੋਖਾ ਦਿੰਦੇ ਹੋਏ ਸਿਫਾਰਸ਼ਾਂ ਦੇ ਨਾਲ ਆਪਣੀ ਸਲਾਨਾ ਰਿਪੋਰਟ ਤਿਆਰ ਕੀਤੀ ਹੈ।

**Resolution/PSMC-3 dated 30-05-2022**

ਕਮਿਸ਼ਨ ਦੀ ਮੀਟਿੰਗ ਵਿੱਚ ਵਿਸਥਾਰ ਪੂਰਬਕ ਵਿਚਾਰਨ ਉਪਰੰਤ ਸਰਬ ਸੰਮਤੀ ਨਾਲ ਕਮਿਸ਼ਨ ਦੁਆਰਾ ਸਾਲ 2021-22 ਦੌਰਾਨ ਕੀਤੇ ਗਏ ਕੰਮ ਅਤੇ ਸ਼ਿਕਾਇਤਾ ਦਾ ਨਿਪਟਾਰਾ ਅਤੇ ਹੋਰ ਗਤੀਵਿੱਧੀਆਂ ਦਾ ਪੂਰਾ ਲੇਖਾ-ਜੋਖਾ ਪਰਵਾਨ ਕੀਤਾ ਗਿਆ ਹੈ ਇਹ ਰਿਪੋਰਟ ਗ੍ਰਹਿ ਵਿਭਾਗ ਨੂੰ ਪਰਵਾਨਗੀ ਲਈ ਭੇਜਣ ਦੀ ਸਿਫਾਰਸ਼ ਨੂੰ ਪਰਵਾਨ ਕੀਤਾ ਗਿਆ।

**Agenda Item No. 4.** ਮਿਸ਼ਨ ਅਤੇ ਚਰਚ ਦੀਆਂ ਜਾਇਦਾਦਾਂ ਦਾ ਅਣਅਧਿਕਾਰਤ ਤੌਰ ਤੇ ਵੇਚੇ ਜਾਣ ਸਬੰਧੀ ਜਾਂ ਜਾਹਲੀ ਪਾਵਰ ਆਫ ਅਟਾਰਨੀਆਂ ਦੇਣ ਸਬੰਧੀ।

**Resolution/PSMC-3 dated 30-05-2022**

ਧਾਰਮਿਕ ਜਾਇਦਾਦਾਂ (ਚਰਚ/ਮਿਸ਼ਨ ਅਤੇ ਹੋਰ ਧਾਰਮਿਕ ਸਮੁਦਾਏ) ਦੀਆਂ ਜਾਇਦਾਦ ਦਾ ਵੇਚੇ ਜਾਣ ਜਾਂ ਜਾਹਲੀ ਪਾਵਰ ਆਫ ਅਟਾਰਨੀਆਂ ਦਿੱਤੇ ਜਾਣ ਸਬੰਧੀ ਮਸਲਾ ਕਮਿਸ਼ਨ ਦੀ ਇਕੱਤਰਤਾ ਵਿੱਚ ਵਿਸਥਾਰ-ਪੂਰਬਕ ਵਿਚਾਰਿਆ ਗਿਆ ਅਤੇ ਕਮਿਸ਼ਨ ਨੇ ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਕਿ ਪੰਜਾਬ ਰਾਜ ਦੇ ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਮੰਗਵਾਈ ਜਾਵੇ ਕਿ ਉਨ੍ਹਾਂ ਦੇ ਜ਼ਿਲੇ ਵਿੱਚ ਕਿਸੇ ਵੀ ਧਾਰਮਿਕ ਜਾਇਦਾਦਾਂ (ਚਰਚ/ਮਿਸ਼ਨ ਅਤੇ ਹੋਰ ਧਾਰਮਿਕ ਸਮੁਦਾਏ) ਸਬੰਧੀ ਕੋਈ ਪਾਵਰ ਆਫ ਅਟਾਰਨੀ ਜਾਂ ਰਜਿਸਟਰੀ ਨਾਂ ਕੀਤੀ ਜਾਵੇ ਅਤੇ ਉਨ੍ਹਾਂ ਤੋਂ ਇਹ ਵੀ ਸੂਚਨਾ ਮੰਗ ਲਈ ਜਾਵੇ ਕਿ ਉਨ੍ਹਾਂ ਦੇ ਜ਼ਿਲੇ ਵਿੱਚ ਕੋਈ ਧਾਰਮਿਕ ਜਾਇਦਾਦਾਂ (ਚਰਚ/ਮਿਸ਼ਨ ਅਤੇ ਹੋਰ ਧਾਰਮਿਕ ਸੁਮਦਾਏ) ਦੀ ਜ਼ਮੀਨ ਨੂੰ ਵੇਚਣ ਸਬੰਧੀ ਕੋਈ ਪਾਵਰ ਆਫ ਅਟਾਰਨੀ ਜਾਂ ਰਜਿਸਟਰੀ ਤਾਂ ਨਹੀਂ ਕੀਤੀ ਗਈ।

**Agenda Item No. 5.** ਘੱਟ ਗਿਣਤੀ ਭਾਈਚਾਰੇ ਵਲੋਂ ਸਥਾਪਿਤ ਵਿਦਿਅਕ ਸੰਸਥਾਵਾਂ ਨੂੰ ਐਨ.ਓ.ਸੀ./ਮਾਇਨੋਰਟੀ ਸਟੇਟਸ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਪੰਜਾਬ ਰਾਜ ਵਿੱਚ ਘੱਟ ਗਿਣਤੀ ਭਾਈਚਾਰੇ ਵਲੋਂ ਸਥਾਪਿਤ ਵਿਦਿਅਕ ਅਦਾਰਿਆਂ ਵਲੋਂ ਕਮਿਸ਼ਨ ਨੂੰ ਬਾਰ ਬਾਰ ਬੇਨਤੀ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਐਨ.ਓ.ਸੀ/ ਮਾਇਨੋਰਟੀ ਸਟੇਟਸ ਸਰਟੀਫਿਕੇਟ ਪ੍ਰਾਪਤ ਕਰਨ ਵਿੱਚ ਬਹੁਤ ਮੁਸ਼ਕਲਾ ਪੇਸ਼ ਆ ਰਹੀਆਂ ਹਨ। ਇਸ ਸਬੰਧੀ ਕਮਿਸ਼ਨ ਦੀ ਮੀਟਿੰਗ ਵਿਚ ਵਿਸਥਾਰ ਪੂਰਬਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਕਮਿਸ਼ਨ ਨੇ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਕਿ ਘੱਟ ਗਿਣਤੀ ਭਾਈਚਾਰੇ ਦੇ ਵਿਦਿਅਕ ਅਦਾਰਿਆਂ ਨੂੰ ਐਨ.ਓ.ਸੀ./ ਮਾਇਨੋਰਟੀ ਸਟੇਟਸ ਸਰਟੀਫਿਕੇਟ ਜਾਰੀ ਕਰਨ ਲਈ ਹੇਠ ਲਿਖੀ ਵਿਧੀ ਅਪਨਾਉਣ ਲਈ ਡਾਇਰੈਕਟਰ ਸਿਖਿਆ ਵਿਭਾਗ ਨੂੰ ਲਿਖਿਆ ਜਾਵੇ:-

The National Commission for Minority Institutions Act, 2004, Section 2(g) ਵਿੱਚ ਦਿੱਤੀ ਪਰੀਭਾਸ਼ਾ ਅਨੁਸਾਰ "**Minority Educational Institutions means a College or an educational institution**

**established and administered by the minority or minorities."** ਮੀਟਿੰਗ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਸੀ ਕਿ ਸੰਸਥਾ ਵਿੱਚ ਦਾਖਲ ਬੱਚਿਆਂ ਦੀ ਪ੍ਰਤੀਸ਼ਤੱਤਾ ਦਾ ਉਪਰੋਕਤ ਐਕਟ ਵਿੱਚ ਕੋਈ ਜ਼ਿਕਰ ਨਹੀਂ ਹੈ।

2. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੀ.ਸਕੈਂਡਰੀ) ਪੰਜਾਬ ਵਲੋਂ ਆਪਣੇ ਪੱਤਰ ਮਿਤੀ 2-9-2021 ਦੁਆਰਾ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆ ਹਨ ਕਿ ਪੰਜਾਬ ਰਾਜ ਵਿੱਚ Minority Certificate ਪ੍ਰਾਪਤ ਕਰਨ ਵਾਲੀਆਂ ਚਾਹਵਾਨ ਵਿਦਿਅਕ ਸੰਸਥਾਵਾਂ ਵਿੱਚ ਸਬੰਧਤ Minority Community ਦੇ ਵਿਦਿਆਰਥੀਆਂ ਦੀ ਗਿਣਤੀ 60% ਜਾਂ ਇਸ ਤੋਂ ਜਿਆਦਾ ਹੋਣ ਦੀ ਸੂਰਤ ਵਿੱਚ ਹੀ ਸੰਸਥਾ ਦਾ ਕੇਸ Minority Certificate ਜਾਰੀ ਕਰਨ ਲਈ ਵਿਚਾਰਿਆ ਜਾਵੇਗਾ।

3. ਉਪਰੋਕਤ ਹਦਾਇਤਾਂ ਜਾਰੀ ਕਰਨ ਸਮੇਂ ਆਪ ਵਲੋਂ Government of India National Commission for Minority Educational Institutions ਅਧੀਨ ਜਾਰੀ ਕੀਤੀਆਂ ਗਈਆਂ Guidelines for determination of Minority Status, recognition, Affiliation and related matter in respect of Minority Educational Institutions under the Constitution of India ਜੋ ਕਿ ਹੇਠ ਲਿਖੇ ਅਨੁਸਾਰ ਹਨ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਜਿਸ ਅਨੁਸਾਰ:-

**" The State Government can prescribe percentage of the minority community to be admitted in a minority educational Institution taking into account the population and educational needs of the area in which the Institution is located. There cannot be a common rule or regulation or order in respect of type of**

**educational institutions from primary to college level and for the entire state fixing the uniform ceiling in the matter of admission of student in minority educational institutions. Thus a balance has to be kept between two objectives -preserving the right of the minorities to admit students of their own community and that of admitting 'sprinkling of outsider' in their institutions.**

ਉਪਰੋਕਤ ਗਾਈਡ ਲਾਈਨਜ਼ ਅਨੁਸਾਰ ਸਾਰੀ ਸਟੇਟ ਲਈ 60% ਜਾਂ ਇਸ ਤੋਂ ਜਿਆਦਾ ਵਿਦਿਆਰਥੀਆਂ ਦੀ ਗਿਣਤੀ ਦੀ ਸ਼ਰਤ ਉਪਰੋਕਤ ਗਾਈਡਲਾਈਨਜ ਦੀ ਉਲੰਘਣਾ ਹੈ। ਗਾਈਡਲਾਈਨਜ਼ ਜਾਰੀ ਕਰਦੇ ਸਮੇਂ **taking into account the population and educational needs of the area in which the Institution is located** ਨੂੰ ਧਿਆਨ ਵਿੱਚ ਰੱਖਿਆ ਜਾਣਾ ਅਤਿ ਜ਼ਰੂਰੀ ਹੈ।

**Resolution/PSMC-5 dated 30-05-2022**

ਕਮਿਸ਼ਨ ਦੀ ਮੀਟਿੰਗ ਵਿੱਚ ਇਸ ਮਾਮਲੇ ਨੂੰ ਵਿਸਥਾਰ ਪੂਰਬਕ ਵਿਚਾਰ ਕੇ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ) ਅਤੇ ਡਾਇਰੈਕਟਰ ਉਚੇਰੀ ਸਿੱਖਿਆ ਨਾਲ ਇਸ ਸਬੰਧ ਵਿੱਚ ਇਕ ਮੀਟਿੰਗ ਕੀਤੀ

ਜਾਵੇ ਅਤੇ ਉਨ੍ਹਾਂ ਨੂੰ ਲਿਖ ਕੇ ਵੀ ਭੇਜਿਆ ਜਾਵੇ ਕਿ **Minority Certificate** ਜਾਰੀ ਕਰਨ ਲਈ ਕਰਟੇਰੀਆ ਨਿਰਧਾਰਤ ਕਰਨ ਲਈ **The National Commission for Minority Institutions Act, 2004, Section 2(g)** ਨੂੰ ਹੀ ਆਧਾਰ ਬਣਾ ਕੇ ਉਨ੍ਹਾਂ ਸਾਰੇ ਵਿਦਿਅਕ ਅਦਾਰਿਆਂ ਨੂੰ ਮਾਇਨੋਰਟੀ ਸਰਟੀਫਿਕੇਟ ਜਾਰੀ ਕੀਤਾ ਜਾਵੇ ਜਿਹੜੇ ਵਿਦਿਅਕ ਅਦਾਰੇ **established and administered by the minority or minorities** ਹਨ।

**Agenda Item No. 6.** ਕਮਿਸ਼ਨ ਦੀ ਜਾਣਕਾਰੀ/ਆਗਿਆ ਤੋਂ ਬਿਨਾਂ ਕਮਿਸ਼ਨ ਦਾ ਨਾਮ ਵਰਤ ਕੇ ਓਚੱ ਅਧਿਕਾਰੀਆਂ ਨੂੰ ਅਣ ਅਧਿਕਾਰਤ ਤੌਰ ਤੇ ਪੱਤਰ ਵਿਹਾਰ ਕਰਨ ਅਤੇ ਕਮਿਸ਼ਨ ਦੇ ਨਾ ਤੇ ਅਣ-ਅਧਿਕਾਰਤ ਸ਼ਨਾਖਤੀ ਕਾਰਡ ਜਾਰੀ ਕਰਨ ਸਬੰਧੀ।

PSMC, Resolution (Decision) dated 30-05-2022

ਕਮਿਸ਼ਨ ਦੇ ਨੋਟਿਸ ਵਿੱਚ ਆਇਆ ਸੀ ਕਿ ਕੁਝ ਵਿਅਕਤੀਆਂ /ਅਧਿਕਾਰੀਆਂ ਦੁਆਰਾ ਆਪਣੇ ਪੱਧਰ ਤੇ ਅਣ-ਅਧਿਕਾਰਤ ਤੌਰ ਤੇ ਸ਼ਨਾਖਤੀ ਕਾਰਡ ਕਮਿਸ਼ਨ ਦੇ ਨਾਂ ਤੇ ਜਾਰੀ ਕਰ ਦਿੱਤੇ ਜਾਦੇ ਸਨ ਅਤੇ ਆਪਣੇ ਪੱਧਰ ਤੇ ਹੀ ਕਮਿਸ਼ਨ ਦੇ ਨਾਂ ਤੇ ਵੱਖ ਵੱਖ ਵਿਭਾਗਾਂ ਤੋਂ ਸੂਚਨਾ / ਪੜਤਾਲ ਕਰਨ ਲਈ ਪੱਤਰ ਲਿਖ ਦਿੱਤੇ ਜਾਂਦੇ ਸਨ। ਕਮਿਸ਼ਨ ਵਲੋਂ ਇਸ ਕੁਤਾਹੀ ਦਾ ਗੰਭੀਰ ਨੋਟਿਸ ਲਿਆ ਗਿਆ।

**Resolution/PSMC-6 dated 30-05-2022**

ਕਮਿਸ਼ਨ ਵਲੋਂ ਵਿਸਥਾਰ-ਪੂਰਬਕ ਵਿਚਾਰ ਕਿ ਇਹ ਫੈਸਲਾ ਲਿਆ ਗਿਆ ਕਿ ਜੇਕਰ ਅੱਗੇ ਤੋਂ ਕਿਸੇ ਵੀ ਅਧਿਕਾਰੀ ਵਲੋਂ ਕਮਿਸ਼ਨ ਦੇ ਨਾਂ ਅਧੀਨ ਕਿਸੇ ਵੀ ਹੋਰ ਵਿਭਾਗ ਦੇ ਅਧਿਕਾਰੀ ਨੂੰ ਕੋਈ ਪੱਤਰ ਲਿਖਿਆ ਜਾਂਦਾ ਹੈ ਤਾਂ ਉਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਸਰਕਾਰ ਨੂੰ ਉਸ ਵਿਅਕਤੀ ਵਿਰੁੱਧ ਬਣਦੀ ਕਾਰਵਾਈ ਕਰਨ ਲਈ ਲਿਖ ਦਿੱਤਾ ਜਾਵੇਗਾ।

**Agenda Item No. 7.** ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ/ਸਮੱਸਿਆਂ ਨੂੰ ਹੱਲ ਕਰਨ ਲਈ ਠੋਸ ਕਦਮ ਚੁਕਣ ਸਬੰਧੀ।

ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੂੰ ਘੱਟ ਗਿਣਤੀ ਭਾਈਚਾਰੇ ਦੇ ਵਿਅਕਤੀਆਂ ਵਲੋਂ ਬਹੁਤ ਸ਼ਿਕਾਇਤਾ ਪ੍ਰਾਪਤ ਹੋ ਰਹੀਆਂ ਹਨ ਕਿ ਉਨ੍ਹਾਂ ਨੂੰ ਤੰਗ ਪ੍ਰਸ਼ਾਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਲਾ ਅਤੇ ਪ੍ਰਸ਼ਾਨੀਆਂ ਸਬੰਧੀ ਕੋਈ ਵੀ ਸੁਣਵਾਈ ਨਹੀਂ ਕੀਤੀ ਜਾ ਰਹੀ ਜਿਸ ਦੇ ਫਲਸਰੂਪ ਘੱਟ ਗਿਣਤੀ ਭਾਈਚਾਰਾ ਆਪਣੇ ਆਪ ਨੂੰ ਅਣਸੁਰੱਖਿਅਤ ਮਹਿਸੂਸ ਕਰਦਾ ਹੈ। ਇਥੋ ਤੱਕ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਤੇ ਬਹੁਤ ਲੰਮੇ ਸਮੇਂ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਬਾਅਦ ਵਿੱਚ ਸਬੰਧਤ ਪੁਲਿਸ ਅਧਿਕਾਰੀਆਂ ਵਲੋਂ ਉਨ੍ਹਾਂ ਤੇ ਸਮਝੌਤਾ ਕਰਨ ਲਈ ਦਬਾ ਪਾਇਆ ਜਾਂਦਾ ਹੈ।

**Resolution/PSMC-7 dated 30-05-2022**

ਇਸ ਮਾਮਲੇ ਦੀ ਗੰਭੀਰਤਾ ਨੂੰ ਵਿਚਾਰਦੇ ਹੋਏ ਕਮਿਸ਼ਨ ਵਲੋਂ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਡੀ.ਜੀ.ਪੀ. ਪੰਜਾਬ ਨਾਲ ਮੀਟਿੰਗ ਕਰਕੇ ਇਹ ਮਾਮਲੇ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

**<u>Agenda item No. 8:</u>** ਪੰਜਾਬ ਸਰਕਾਰ ਦੁਆਰਾ ਪੰਚਾਇਤਾਂ ਦੀਆਂ ਜਮੀਨਾਂ ਜਿਨਾਂ ਤੇ ਅਣ-ਅਧਿਕਾਰਤ ਕਬਜ਼ਾ ਸੀ ਅਤੇ ਉਨ੍ਹਾਂ ਦਾ ਕਬਜਾ ਛਡਵਾਇਆ ਗਿਆ ਹੈ ਵਿਚੋਂ ਜਿਨ੍ਹਾਂ ਪਿੰਡਾਂ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਹੈ ਉਨ੍ਹਾਂ ਪਿੰਡਾ ਵਿੱਚ ਕਬਰਸਤਾਨ ਨੂੰ ਜਗ੍ਹਾ ਅਲਾਟ ਕਰਨ ਸਬੰਧੀ।

ਪੰਜਾਬ ਦੇ ਪਿੰਡਾਂ ਵਿਚੋਂ ਜਿੱਥੇ ਕਿ ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਹੈ ਵਲੋਂ ਕਮਿਸ਼ਨ ਨੂੰ ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਆਪਣੇ ਧਾਰਮਿਕ ਰਿਤੀ ਰਿਵਾਜ ਅਨੁਸਾਰ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅੰਤਿਮ ਰਸਮਾ ਪੂਰੀਆਂ ਕਰਨ ਲਈ ਕਬਰਸਤਾਨ ਲਈ ਜਗ੍ਹਾਂ ਉਪਲਭਧ ਨਾ ਹੋਣ ਕਾਰਣ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਤੱਕ ਕਿ ਕਈ ਵਾਰ ਤਾਂ ਉਨ੍ਹਾਂ ਨੂੰ ਆਪਣੇ ਸਕੇ ਸਬੰਧੀਆਂ ਨੂੰ ਜਲਾਉਣਾ ਪੈਂਦਾ ਹੈ।

**<u>Resolution/PSMC-8 dated 30-05-2022</u>**

ਕਮਿਸ਼ਨ ਦੀ ਮੀਟਿੰਗ ਵਿੱਚ ਇਹ ਮਸਲਾ ਗੰਭੀਰਤਾ ਨਾਲ ਵਿਚਾਰਦੇ ਹੋਏ ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਪੰਚਾਇਤਾਂ ਦੀਆਂ ਜੋ ਜਮੀਨਾ ਜਿਨ੍ਹਾਂ ਤੇ ਅਣ-ਅਧਿਕਾਰਤ ਕਬਜ਼ਾ ਸੀ ਅਤੇ ਉਨ੍ਹਾਂ ਤੋਂ ਕਬਜਾ ਛਡਵਾਇਆ ਗਿਆ ਹੈ ਵਿਚੋਂ ਕੁਝ ਜ਼ਮੀਨ ਜਿੱਥੇ ਕਿ ਘੱਟ ਗਿਣਤੀ ਭਾਈਚਾਰੇ ਦੇ ਲੋਕ ਰਹਿੰਦੇ ਹਨ ਨੂੰ ਕਬਰਸਤਾਨ ਲਈ ਉਨ੍ਹਾਂ ਦੀ ਅਬਾਦੀ ਅਨੁਸਾਰ ਜਗ੍ਹਾ ਅਲਾਟ ਕਰ ਦਿੱਤੀ ਜਾਵੇ।

**<u>Agenda item No. 9:</u>** ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਵਲੋਂ ਬੈਕਵਰਡ ਕਲਾਸ ਦਾ ਸਰਟੀਫਿਕੇਟ ਲੈਣ ਲਈ ਆਮਦਨ ਦਾ ਸਰਟੀਫਿਕੇਟ ਉਨ੍ਹਾ ਵਲੋਂ ਦਿੱਤਾ ਗਿਆ ਹਲਫੀਆ ਬਿਆਨ ਹੀ ਆਮਦਨ ਦਾ ਸਰਟੀਫਿਕੇਟ ਮੰਨਿਆ ਜਾਣਾ ਚਾਹੀਦਾ।

ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਵਲੋਂ ਅਤੇ ਉਨ੍ਹਾਂ ਦੇ ਮਾਪਿਆ ਵਲੋਂ ਕਮਿਸ਼ਨ ਨੂੰ ਬਾਰ ਬਾਰ ਬੇਨਤੀ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਘੱਟ ਗਿਣਤੀ ਭਾਈਚਾਰੇ ਦਾ ਸਰਟੀਫਿਕੇਟ ਲੈਣ ਲਈ ਅਤੇ ਆਮਦਣ ਦਾ ਸਰਟੀਫਿਕੇਟ ਲੈਣਾ ਜਰੂਰੀ ਹੈ ਜਿਸ ਦਾ ਪ੍ਰੋਸੀਜ਼ਰ ਬਹੁਤ ਲੰਮਾ ਹੋਣ ਕਰਕੇ ਕਈ ਵਾਰ ਉਹ ਸਰਕਾਰ ਤੋਂ ਮਿਲਣ ਵਾਲੀਆਂ ਸਹੂਲਤਾਂ ਅਤੇ ਰਆਇਤਾ ਦਾ ਕੋਈ ਵੀ ਲਾਭ ਨਹੀਂ ਲੈ ਸਕਦੇ।

**<u>Resolution/PSMC-9 dated 30-05-2022</u>**

ਕਮਿਸ਼ਨ ਨੇ ਇਸ ਮਾਮਲੇ ਨੂੰ ਵਿਸਥਾਰ ਪੂਰਬਕ ਵਿਚਾਰਦੇ ਹੋਏ ਇਹ ਫੈਸਲਾ ਲਿਆ ਕਿ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਆਮਦਨ ਸਬੰਧੀ ਦਿੱਤਾ ਜਾਣ ਵਾਲਾ ਸਰਟੀਫਿਕੇਟ ਕੇਵਲ ਬੱਚਿਆਂ ਜਾਂ ਉਨ੍ਹਾਂ ਦੇ ਆਸ਼ਰਿਤਾ ਵਲੋਂ ਦਿੱਤਾ ਜਾਣਾ ਵਾਲਾ ਹਲਫੀਆ ਬਿਆਨ ਨੂੰ ਹੀ ਪ੍ਰਵਾਨ ਕਰ ਲਿਆ ਜਾਇਆ ਕਰੇ ਅਤੇ (1) ਪੈਂਡੂ ਇਲਾਕਿਆਂ ਦੇ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਘੱਟ ਗਿਣਤੀ/ Backward Class/ Other Backward Class ਦਾ ਸਰਟੀਫਿਕੇਟ ਜਾਰੀ ਕਰਨ ਲਈ ਆਪਣੀ ਪ੍ਰਤੀ- ਬੇਨਤੀ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਜਾਂ ਪਿੰਡ ਦੇ ਸਰਪੰਚ ਜਾ ਨੰਬਰਦਾਰ ਜਾ ਸਬੰਧਤ ਚਰਚ ਦੇ ਪਾਦਰੀ ਜਾਂ ਚਰਚ ਦੇ ਸੈਕਟਰੀ ਜਾਂ ਮਸਜਿਦ ਦੇ ਮੌਲਵੀ ਤੋਂ ਤਸਦੀਕ ਕਰਵਾਉਣ ਉਪਰੰਤ ਹਲਕਾ ਪਟਵਾਰੀ ਨੂੰ ਪੇਸ਼ ਕੀਤੀ ਜਾਵੇਗੀ ਅਤੇ ਹਲਕਾ ਪਟਵਾਰੀ ਵੱਲੋਂ ਪ੍ਰਤੀ-ਬੇਨਤੀ ਵਿੱਚ ਦਰਜ ਤੱਥ ਦੋ ਦਿਨਾਂ ਦੇ ਅੰਦਰ ਵੇਰੀਫਾਈ ਕਰਨ ਉਪਰੰਤ ਇਹ ਸਬੰਧਤ ਉਪ ਮੰਡਲ ਮੈਜਿਸਟਰੇਟ (ਸਿਵਲ) ਨੂੰ ਪੇਸ਼ ਕੀਤੀ ਜਾਵੇਗੀ। ਅਤੇ ਇਹ ਸਰਟੀਫਿਕੇਟ ਜਾਰੀ ਕਰਨ ਵਾਲਾ ਅਧਿਕਾਰੀ ਇਸ ਨੂੰ 5 ਦਿਨਾਂ ਦੇ ਅੰਦਰ ਇਹ ਸਰਟੀਫਿਕੇਟ ਜਾਰੀ ਕਰਨਾ ਜਰੂਰੀ ਹੋਵੇਗਾ।

(2) ਸ਼ਹਿਰੀ ਖੇਤਰਾਂ ਦੇ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਪ੍ਰਾਰਥੀਆਂ ਨੂੰ ਘੱਟ ਗਿਣਤੀ ਕੌਮ Backward Class/ Other Backward Class ਦਾ ਸਰਟੀਫਿਕੇਟ ਜਾਰੀ ਕਰਨ ਲਈ ਆਪਣੀ ਪ੍ਰਤੀਬੇਨਤੀ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਜਾਂ ਵਾਰਡ ਦੇ ਮਿਊਸਪਲ ਕੌਸਲਰ ਜਾ ਸਬੰਧਤ ਚਰਚ ਦੇ ਪਾਦਰੀ ਜਾਂ ਚਰਚ ਦੇ ਸੈਕਟਰੀ ਜਾਂ ਮਸਜਿਦ ਦੇ ਮੌਲਵੀ ਤੋਂ ਤਸਦੀਕ ਕਰਵਾਉਣ ਉਪਰੰਤ ਉਪ-ਮੰਡਲ ਮੈਜਿਸਟਰੇਟ (ਸਿਵਲ) ਨੂੰ ਪੇਸ਼ ਕੀਤੀ ਜਾਵੇਗੀ। ਉਪ-ਮੰਡ ਮੈਜਿਸਟਰੇਟ (ਸ) ਪ੍ਰਤੀਬੇਨਤੀ ਪ੍ਰਾਪਤ ਹੋਣ ਤੋਂ 5 ਦਿਨਾਂ ਦੇ ਅੰਦਰ ਅੰਦਰ ਪ੍ਰਾਰਥੀ ਨੂੰ ਸਰਟੀਫਿਕੇਟ ਜਾਰੀ ਕਰਨਾ ਜਰੂਰੀ ਹੋਵੇਗਾ।

(3) ਇਸਾਈ ਅਤੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਜਿਹਨਾ ਪ੍ਰਾਰਥੀਆਂ ਦੇ ਮਾਤਾ-ਪਿਤਾ ਚੰਡੀਗੜ੍ਹ/ਸਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਨੌਕਰੀ ਕਰਦੇ ਹਨ ਜਾਂ ਰਹਿੰਦੇ ਹਨ, ਉਹਨਾਂ ਦੇ ਮਾਤਾ-ਪਿਤਾ ਦੇ ਸਰਵਿਸ ਰਿਕਾਰਡ ਦੇ ਆਧਾਰ ਤੇ ਉਹਨਾਂ ਦੇ ਵਿਭਾਗ ਦੇ ਮੁੱਖੀ ਜਾਂ ਦਫਤਰ ਦੇ ਮੁੱਖੀ ਪ੍ਰਾਰਥੀ ਨੂੰ ਘੱਟ ਗਿਣਤੀ ਕੌਮ ਦਾ ਸਰਟੀਫਿਕੇਟ ਜਾਰੀ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ।

**Agenda item No. 10 :** ਜੈਨ ਭਾਈਚਾਰੇ ਨੂੰ ਘੱਟ ਗਿਣਤੀ ਸਰਟੀਫਿਕੇਟ ਪ੍ਰਾਪਤ ਕਰਨ ਲਈ ਆ ਰਹੀਆਂ ਮੁਸ਼ਕਲਾ ਸਬੰਧੀ।

ਸ਼੍ਰੀ ਸਲਿਲ ਜੈਨ, ਮੈਂਬਰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੁਆਰਾ ਚੇਅਰਮੈਨ ਜੀ ਦੀ ਪਰਵਾਨਗੀ ਨਾਲ ਇਹ ਬੇਨਤੀ ਕੀਤੀ ਕਿ ਸਰਕਾਰ ਦੀਆਂ ਹਦਾਇਤਾਂ ਦੇ ਬਾਵਜੂਦ ਵੀ ਜੈਨ ਭਾਈਚਾਰੇ ਨੂੰ ਘੱਟ ਗਿਣਤੀ ਭਾਈਚਾਰੇ ਦਾ ਸਰਟੀਫਿਕੇਟ ਲੈਣ ਸਬੰਧੀ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ।

**Resolution/PSMC-10 dated 30-05-2022**

ਕਮਿਸ਼ਨ ਵਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਸਰਬ ਸੰਮਤੀ ਨਾਲ ਫੈਸਲਾ ਲਿਆ ਕਿ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਸਰਕਾਰ ਦੀਆਂ ਹਦਾਇਤਾਂ ਭੇਜ ਕੇ ਦੁਬਾਰਾ ਲਿਖ ਦਿੱਤਾ ਜਾਵੇ ਕਿ ਜੈਨ ਭਾਈਚਾਰੇ ਨੂੰ ਸਰਕਾਰ ਦੀਆਂ ਹਦਾਇਤਾ ਅਨੁਸਾਰ

ਘੱਟ ਗਿਣਤੀ ਭਾਈਚਾਰੇ ਦਾ ਸਰਟੀਫਿਕੇਟ ਬਿਨ੍ਹਾਂ ਕਿਸੇ ਦੇਰੀ ਦੇ ਜਾਰੀ ਕਰ ਦਿੱਤਾ ਜਾਇਆ ਕਰੇ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

(ਪ੍ਰੋ:ਇੰਮਾਨੂੰਏਲ ਨਾਹਰ)